# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043254, 5043256


ਵੱਲ :

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
   ਪੰਜਾਬ।
2. ਸਮੂਹ ਸਰਕਾਰੀ ਹਾਈ/ਸੀਨੀ. ਸੈਕੰ.ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2010/**R054031**
ਮਿਤੀ, ਚੰਡੀਗੜ੍ਹ : 10-09-2010

ਵਿਸ਼ਾ : ਸਕੂਲੀ ਵਿਦਿਆਰਥੀਆਂ ਤੋਂ ਮਾਸਿਕ ਫੀਸਾਂ ਲਏ ਜਾਣ ਸੰਬੰਧੀ।

ਉਕਤ ਵਿਸ਼ੇ ਸੰਬੰਧੀ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਮਾਤ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਮਾਸਿਕ ਫੀਸਾਂ/ਫੰਡ ਸਕੂਲ ਮੁੱਖੀਆਂ ਦੁਆਰਾ ਛੇ-ਛੇ ਮਹੀਨਿਆਂ ਦੇ ਇਕੱਠੇ ਹੀ ਲੈ ਲਏ ਜਾਂਦੇ ਹਨ ਜਾਂ ਇਸ ਬਾਰੇ ਵਿਦਿਆਰਥੀਆਂ ਨੂੰ ਮਜਬੂਰ ਕੀਤਾ ਜਾਂਦਾ ਹੈ, ਜਦੋਂਕਿ ਮਾਸਿਕ ਫੰਡ ਮਹੀਨਾਵਾਰ ਹੀ ਲੈਣੇ ਹੁੰਦੇ ਹਨ। ਇੱਥੇ ਧਿਆਨ ਦੇਣ ਹਿੱਤ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਗਰੀਬ ਮਾਪਿਆਂ ਵੱਲੋਂ ਛੇ ਮਹੀਨੇ ਦੇ ਫੀਸ/ਫੰਡ ਇਕੱਠੇ ਜਮ੍ਹਾ ਕਰਵਾਉਣਾ ਬੇਹੱਦ ਮੁਸ਼ਕਲ ਹੈ। ਇਸ ਲਈ ਇਸ ਪੱਤਰ ਰਾਹੀਂ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਤੋਂ ਨਿਸ਼ਚਿਤ ਮਾਸਿਕ ਫੀਸ/ਫੰਡ ਮਹੀਨਾਵਾਰ ਹੀ ਲਏ ਜਾਣ ਅਤੇ ਇਸ ਸੰਬੰਧੀ ਕੋਈ ਸ਼ਿਕਾਇਤ ਦਾ ਮੌਕਾ ਨਾ ਦਿੱਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ